# India welcomes the Political Agreement concluded by the political leadership in Kabul

May 17, 2020

---

## ਕਾਬੁਲ ਵਿੱਚ ਸਿਆਸੀ ਲੀਡਰਸ਼ਿਪ ਦੁਆਰਾ ਕੀਤੇ ਗਏ ਸਿਆਸੀ ਸਮਝੌਤੇ ਦਾ ਭਾਰਤ ਵੱਲੋਂ ਸਵਾਗਤ

17 ਮਈ, 2020

ਭਾਰਤ ਅੱਜ ਕਾਬੁਲ ਵਿੱਚ ਸਿਆਸੀ ਲੀਡਰਸ਼ਿਪ ਵੱਲੋਂ ਕੀਤੇ ਸਿਆਸੀ ਸਮਝੌਤੇ ਦਾ ਸਵਾਗਤ ਕਰਦਾ ਹੈ।

ਭਾਰਤ ਨੇ ਲਗਾਤਾਰ ਅਫਗਾਨਿਸਤਾਨ ਅੰਦਰ ਸਮਾਵੇਸ਼ੀ ਸ਼ਾਸਨ, ਕੌਮੀ ਏਕਤਾ, ਮਜ਼ਬੂਤ ਸੰਸਥਾਵਾਂ, ਸੰਵਿਧਾਨਕ ਨਿਜ਼ਾਮ, ਸਮਾਜ ਦੇ ਸਾਰੇ ਵਰਗਾਂ ਦੇ ਅਧਿਕਾਰਾਂ ਅਤੇ ਅਫਗਾਨਿਸਤਾਨ ਦੀ ਖੇਤਰੀ ਅਖੰਡਤਾ ਦਾ ਸਮਰਥਨ ਕੀਤਾ ਹੈ।

ਅਫਗਾਨਿਸਤਾਨ ਅੰਦਰ ਚਲ ਰਹੀ ਅਤੇ ਵਧੀ ਹਿੰਸਾ ਅਤੇ ਅੱਤਵਾਦ ਡੂੰਘੀ ਚਿੰਤਾ ਦਾ ਵਿਸ਼ਾ ਹੈ. ਭਾਰਤ COVID -19 ਤੋਂ ਪੈਦਾ ਹੋਏ ਮਨੁੱਖੀ ਹਾਲਾਤ ਨਾਲ ਨਜਿੱਠਣ ਵਿੱਚ ਮਦਦ ਦੇਣ ਲਈ ਤੁਰੰਤ ਜੰਗਬੰਦੀ ਅਤੇ ਅਫਗਾਨਿਸਤਾਨੀ ਲੋਕਾਂ ਨੂੰ ਮਦਦ ਦੇਣ ਦੀ ਮੰਗ ਕਰਦਾ ਹੈ।

ਭਾਰਤ ਨੂੰ ਆਸ ਹੈ ਕਿ ਇਹ ਸਿਆਸੀ ਸਮਝੌਤਾ ਹੋਣ ਅਤੇ ਰਾਸ਼ਟਰੀ ਮੇਲ-ਮਿਲਾਪ ਉੱਚ ਪਰਿਸ਼ਦ ਦੇ ਗਠਨ ਨਾਲ ਸਦੀਵੀ ਸ਼ਾਂਤੀ ਅਤੇ ਸਥਿਰਤਾ ਵਿਚ ਸੁਧਾਰ ਲਿਆਉਣ ਅਤੇ ਬਾਹਰੋਂ ਸਪਾਂਸਰਡ ਅੱਤਵਾਦ ਅਤੇ ਹਿੰਸਾ ਨੂੰ ਖਤਮ ਕਰਨ ਲਈ ਵਧੇਰੇ ਯਤਨ ਕੀਤੇ ਜਾਣਗੇ।

ਨਵੀਂ ਦਿਲੀ
17 ਮਈ, 2020

DISCLAIMER: This is an approximate translation. The original is available in English on MEA’s website and may be referred to as the official press release.